ਕਰਮਚਾਰੀਆਂ ਤੋਂ ਅਨੁਵਾਦ ਕੀਤੀ ਖਰਚੇ ਦੀ ਸੂਚੀ ਬਾਰੇ ਪੁਛੋ

*Affix Patient Label*

# ਤੱਥ ਇਕੱਠੇ ਕਰਨ ਵਾਲਾ ਫਾਰਮ

## ਮੈਡੀਕੇਅਰ ਨਾ ਹਾਸਲ ਕਰਨ ਵਾਲੇ ਮਰੀਜ਼

ਤੁਹਾਨੂੰ ਮੈਡੀਕੇਅਰ ਨਾ ਹਾਸਲ ਕਰਨ ਵਾਲੇ ਮਰੀਜ਼ ਵਰਗਬੱਧ ਕੀਤਾ ਗਿਆ ਹੈ। ਇਸ ਕਰਕੇ ਤੁਹਾਨੂੰ ਆਸਟਰੇਲੀਆ ਵਿੱਚ ਮੁਫਤ ਸਿਹਤ ਸੇਵਾ ਨਹੀਂ ਪ੍ਰਦਾਨ ਕੀਤੀ ਜਾਵੇਗੀ। ਤੁਹਾਡੇ ਇਲਾਜ ਨਾਲ ਸਬੰਧਤ ਤੁਹਾਨੂੰ ਸਾਰੀਆਂ ਫੀਸਾਂ ਅਦਾ ਕਰਨੀਆਂ ਪੈਣਗੀਆਂ। ਜੇ ਤੁਹਾਡੇ ਕੋਲ ਪ੍ਰਾਈਵੇਟ ਸਿਹਤ ਬੀਮਾ, ਟਰੈਵਲ ਬੀਮਾ ਜਾਂ ਕੋਈ ਹੋਰ ਬੀਮਾ ਹੈ (Private Health Insurance, Travel Insurance or other insurance), ਤਾਂ ਤੁਸੀਂ ਇਸ ਖਰਚੇ ਦੇ ਕੁੱਝ ਪ੍ਰਤੀਸ਼ਤ ਹਿੱਸੇ ਦਾ ਦਾਅਵਾ (claim) ਕਰ ਸਕਦੇ ਹੋ। ਅਸੀਂ ਤੁਹਾਨੂੰ ਸਲਾਹ ਦਿੰਦੇ ਹਾਂ ਕਿ ਤੁਸੀਂ ਇਸ ਬਾਰੇ ਆਪਣੀ ਬੀਮਾ ਕੰਪਨੀ (insurer) ਤੋਂ ਪਤਾ ਕਰੋ।

**ਫੀਸ ਸਵੀਕਾਰ ਕਰਨੀ**

ਇਸ ਕਾਗਜ਼ਾਤ 'ਤੇ ਦਸਤਖ਼ਤ ਕਰਕੇ, ਮੈਂ ____________________________________________, ਤਸਦੀਕ ਕਰਦਾ/ਕਰਦੀ ਹਾਂ ਕਿ ਮੈਨੂੰ ਦੱਸਿਆ ਗਿਆ ਹੈ ਕਿ ਮੈਂ ਮੈਡੀਕੇਅਰ ਨਾ ਹਾਸਲ ਕਰਨ ਵਾਲਾ/ਵਾਲੀ ਮਰੀਜ਼ ਹਾਂ ਅਤੇ ਇਸ ਮੈਟਰੋ ਨਾਰਥ ਹਸਪਤਾਲ ਅਤੇ ਸਿਹਤ ਸੇਵਾ ਸਹੂਲਤ (Metro North Hospital and Health Service facility) ਵਿੱਚ ਕੀਤੇ ਮੇਰੇ ਇਲਾਜ ਨਾਲ ਸਬੰਧਤ ਸਾਰੀਆਂ ਫੀਸਾਂ ਅਦਾ ਕਰਨ ਲਈ ਮੈਂ ਆਪ ਜ਼ਿੰਮੇਵਾਰ ਹਾਂ। ਇਸ ਘੋਸ਼ਣਾ-ਪੱਤਰ ਦੀ ਤਸਦੀਕ ਕਰਦਿਆਂ ਮੈਂ ਕਬੂਲ ਕਰਦਾ/ਕਰਦੀ ਹਾਂ ਕਿ ਮੈਂ ਇਸ ਕਾਗਜ਼ਾਤ ਵਿੱਚ ਦਿੱਤੀ ਜਾਣਕਾਰੀ ਨੂੰ ਪੜ੍ਹਿਆ ਅਤੇ ਸਮਝਿਆ ਹੈ।

**ਮੈਂ ਸਮਝਦਾ/ਸਮਝਦੀ ਹਾਂ ਕਿ:**

- ਮੈਂ ਮੈਟਰੋ ਨਾਰਥ ਹਸਪਤਾਲ ਅਤੇ ਸਿਹਤ ਸੇਵਾ ਨੂੰ ਅਧਿਕਾਰ ਦਿੰਦਾ/ਦਿੰਦੀ ਹਾਂ ਕਿ ਉਹ ਸਫਾ 2 ਤੇ ਦਿਤੇ ਫੀਸ ਦੇ ਅੰਦਾਜ਼ੇ ਅਨੁਸਾਰ ਮੇਰੇ ਦਿਤੇ ਹੋਏ ਕਰੈਡਿੱਟ ਕਾਰਡ ਵੇਰਵਿਆਂ ਵਿੱਚੋਂ ਖਰਚਾ ਕੱਢ ਲੈਣ।
- ਸਫਾ 2 'ਤੇ ਮੇਰੇ ਹੋਣ ਵਾਲੇ ਇਲਾਜ ਦੇ ਖਰਚੇ ਦਾ ਅੰਦਾਜ਼ਾ ਹੀ ਦਿੱਤਾ ਗਿਆ ਹੈ ਅਤੇ ਅਸਲੀ ਖਰਚਾ ਬਦਲ ਸਕਦਾ ਹੈ ਅਤੇ ਵਧੇਰੇ ਖਰਚਾ ਵੀ ਦੇਣਾ ਪੈ ਸਕਦਾ ਹੈ।
- ਜੇ ਮੈਂ ਇੱਕ ਪ੍ਰਾਈਵੇਟ ਮਰੀਜ਼ ਵਜੋਂ ਇਲਾਜ ਕਰਵਾਉਣਾ ਚਾਹਾਂ, ਤਾਂ ਪ੍ਰਾਈਵੇਟ ਸਪੈਸ਼ਲਿਸਟ ਦੀ ਮਰਜ਼ੀ ਅਨੁਸਾਰ ਵਧੇਰੇ ਫੀਸ ਅਦਾ ਕਰਨੀ ਪੈ ਸਕਦੀ ਹੈ ਅਤੇ ਮੈਨੂੰ ਇਸ ਬਾਰੇ ਮੇਰੇ ਸਪੈਸ਼ਲਿਸਟ ਕੋਲੋਂ ਪਤਾ ਕਰ ਲੈਣਾ ਚਾਹੀਦਾ ਹੈ।
- ਜੇ ਵਿਸਿਟਿੰਗ ਮੈਡੀਕਲ ਆਫੀਸਰ ਅਪਰੇਸ਼ਨ ਕਰ ਰਿਹਾ ਹੈ ਜਾਂ ਗੈਸ ਦੇ ਰਿਹਾ ਹੈ (Surgery or Anaesthetics) ਤਾਂ ਇਸ ਜਾਣਕਾਰੀ ਵਿੱਚ ਉਨ੍ਹਾਂ ਦੀ ਫੀਸ ਨਹੀਂ ਗਿਣੀ ਗਈ ਕਿਉਂਕਿ ਉਨ੍ਹਾਂ ਦੇ ਖਰਚੇ ਬਾਹਰਲੀ ਐਡਮਿਸ਼ਨ ਸਹੂਲਤ ਵਲੋਂ ਮਿਥੇ ਜਾਂਦੇ ਹਨ। ਇਨ੍ਹਾਂ ਫੀਸਾਂ ਲਈ ਮੈਨੂੰ ਅੱਡ ਪਰਚੀ ਦਿੱਤੀ ਜਾਵੇਗੀ।
- ਮੇਰੇ ਇਲਾਜ ਸਬੰਧੀ ਸਾਰੀਆਂ ਫੀਸਾਂ ਜੋ ਇਲਾਜ ਤੋਂ ਪਹਿਲਾਂ ਨਹੀਂ ਅਦਾ ਕੀਤੀਆਂ ਗਈਆਂ, ਜਿਨ੍ਹਾਂ ਵਿੱਚ ਉਹ ਵੀ ਹਨ ਜੋ ਇਲਾਜ ਦੀ ਫੀਸ ਦੇ ਅੰਦਾਜ਼ੇ ਤੋਂ ਵੱਧ ਹਨ, ਮੈਨੂੰ ਇਨਵੌਇਸ ਕੀਤੀਆਂ ਜਾਣਗੀਆਂ ਅਤੇ ਇਹ ਇਨਵੌਇਸ ਕਰਨ ਦੇ 30 ਦਿਨਾਂ ਦੇ ਅੰਦਰ ਅੰਦਰ ਅਦਾ ਕਰਨੀਆਂ ਪੈਣਗੀਆਂ। ਜੇ ਮੈਂ ਇਸ ਅਰਸੇ ਵਿੱਚ ਅਦਾਇਗੀ ਨਾਂ ਕੀਤੀ ਤਾਂ ਇਹ ਮੈਟਰੋ ਨਾਰਥ ਹਸਪਤਾਲ ਅਤੇ ਸਿਹਤ ਸੇਵਾ ਨੂੰ ਮੇਰੇ ਵਲੋਂ ਦੇਣ ਵਾਲਾ ਕਰਜਾ ਹੋਵੇਗਾ ਜਿਸ ਦਾ ਇਹ ਹੱਕ ਹੈ ਕਿ ਉਹ ਇਹ ਕਰਜਾ ਸਿੱਧੇ ਤੌਰ ਤੇ ਮੇਰੇ ਕੋਲੋਂ ਲੈ ਸਕਦੇ ਹਨ ਜਾਂ ਉਹ ਇੱਕ ਕਰਜਾ ਇਕੱਠਾ ਕਰਨ ਵਾਲੀ ਏਜੰਸੀ (debt collection agency) ਰਾਹੀਂ ਲੈ ਸਕਦੇ ਹਨ।
- ਕਈ ਸੇਵਾਵਾਂ ਜਿਵੇਂ ਕਿ ਡਾਇਗਨੌਸਟਿੱਕ ਇਮੇਜਿੰਗ, ਪੈਥੌਲਜੀ ਅਤੇ ਫਾਰਮਸੀ (Diagnostic Imaging, Pathology, and Pharmaceuticals) ਲਈ ਇਲਾਜ ਤੋਂ ਪਹਿਲਾਂ ਅੰਦਾਜ਼ਾ ਲਗਾਉਣਾ ਮੁਸ਼ਕਲ ਹੁੰਦਾ ਹੈ ਅਤੇ ਇਹ ਯਕੀਨਨ ਹੋ ਸਕਦਾ ਹੈ ਕਿ ਇਨ੍ਹਾਂ ਸੇਵਾਵਾਂ ਦੀ ਲੋੜ ਪੈਣ ਤੇ ਮੇਰੇ ਇਲਾਜ ਦਾ ਖਰਚਾ ਫੀਸ ਦੇ ਅੰਦਾਜ਼ੇ ਤੋਂ ਵਧੇਰੇ ਹੋ ਸਕਦਾ ਹੈ। ਮੈਂ ਇਲਾਜ ਤੋਂ ਪਹਿਲਾਂ ਹੀ ਮੇਰੇ ਕਰੈਡਿੱਟ ਕਾਰਡ 'ਚੋਂ $1000 ਹੋਰਨਾਂ ਆਉਟਪੇਸ਼ੰਟ ਫੀਸਾਂ (Outpatient Fees) ਲਈ ਵਰਤੋਂ ਕਰਨ ਦੀ ਆਗਿਆ ਦਿੰਦਾ/ਦਿੰਦੀ ਹਾਂ ਜੇ ਮੈਨੂੰ ਮੇਰੇ ਇਲਾਜ ਸਮੇਂ ਜਾਂ ਹਸਪਤਾਲ ਵਿੱਚ ਜੇਰੇ ਇਲਾਜ ਹੋਣਾ ਪਵੇ ਅਤੇ ਮੇਰੇ ਇਲਾਜ ਦੌਰਾਨ ਡਾਇਗਨੌਸਟਿੱਕ ਇਮੇਜਿੰਗ, ਪੈਥੌਲਜੀ ਅਤੇ ਫਾਰਮਸੀ ਦੀ ਲੋੜ ਪਵੇ। ਮੈਂ ਸਮਝਦਾ/ਸਮਝਦੀ ਹਾਂ ਕਿ ਅਸਲੀ ਸੇਵਾਵਾਂ ਲਈ ਹੀ ਇਹ $1000 ਵਿੱਚੋਂ ਕਟੌਤੀ ਹੋਵੇਗੀ। ਹੋਰਨਾ ਆਉਟਪੇਸ਼ੰਟ ਫੀਸਾਂ (Outpatient Fees) ਲਈ ਜੇ ਉਹ ਇਸ ਰਕਮ ਤੋਂ ਵੱਧ ਹੋਣ ਤਾਂ ਮੈਨੂੰ ਵੱਖਰੀ ਇਨਵੌਇਸ ਭੇਜੀ ਜਾਵੇਗੀ।
- ਜੇ ਮੈਟਰੋ ਨਾਰਥ ਹਸਪਤਾਲ ਅਤੇ ਸਿਹਤ ਸੇਵਾਵਾਂ ਮੇਰੇ ਪਰਾਈਵੇਟ ਸਿਹਤ ਬੀਮੇ ਜਾਂ ਕਿਸੇ ਹੋਰ ਬੀਮੇ ਨਾਲ ਮੇਰੇ ਹਿਤ ਲਈ ਗਲਬਾਤ ਕਰਨ ਲਈ ਤਿਆਰ ਹੋਣ, ਤਾਂ ਮੈਂ ਮੈਟਰੋ ਨਾਰਥ ਹਸਪਤਾਲ ਅਤੇ ਸਿਹਤ ਸੇਵਾ ਨੂੰ ਮੇਰੀ ਸਾਰੀ ਨਿੱਜੀ ਅਤੇ ਸਿਹਤ ਸਬੰਧੀ ਜਾਣਕਾਰੀ ਜਿਸ ਵਿੱਚ ਹਸਪਤਾਲ ਕੇਸਮਿਕਸ ਪ੍ਰੋਟੋਕੌਲ (Hospital Casemix Protocol) ਜਾਣਕਾਰੀ ਅਤੇ ਸਿਹਤ ਹਿਸਟਰੀ ਵੀ ਸ਼ਾਮਲ ਹੈ, ਬੀਮੇ ਨੂੰ ਜਾਂ ਪਰਾਈਵੇਟ ਸਿਹਤ ਬੀਮੇ ਨੂੰ ਲੋੜ ਅਨੁਸਾਰ ਦੇਣ ਦੀ ਆਗਿਆ ਦਿੰਦਾ/ਦਿੰਦੀ ਹਾਂ।
- ਮੇਰੇ ਆਸਟਰੇਲੀਆ ਵਿੱਚ ਮੁਫਤ ਸਿਹਤ ਸੇਵਾ ਦੇਖ-ਭਾਲ ਲਈ ਅਧਿਕਾਰਿਤ ਹੋਣ ਵਾਸਤੇ, ਮਿਸਾਲ ਵਜੋਂ ਪਾਸਪੋਰਟ, ਵੀਸਾ ਜਾਂ ਹੋਰ ਸ਼ਨਾਖਤ ਦੇ ਸਬੂਤ ਲਈ ਮੈਨੂੰ ਵਧੇਰੇ ਜਾਣਕਾਰੀ ਦੇਣ ਦੀ ਲੋੜ ਪੈ ਸਕਦੀ ਹੈ। ਮੈਂ ਮੈਟਰੋ ਨਾਰਥ ਹਸਪਤਾਲ ਅਤੇ ਸਿਹਤ ਸੇਵਾ ਨੂੰ ਆਗਿਆ ਦਿੰਦਾ/ਦਿੰਦੀ ਹਾਂ ਕਿ ਉਹ ਮੇਰੀ ਸੇਵਾ ਹਾਸਲ ਕਰਨ ਲਈ ਮੇਰੀ ਨਿੱਜੀ ਲੋੜੀਂਦੀ ਜਾਣਕਾਰੀ, ਜਿਸ ਵਿਚ ਮੈਨੂੰ ਵੀਜ਼ਾ ਮਿਲਣ ਦੀ ਸਥਿਤੀ ਵੀ ਹੋ ਸਕਦੀ ਹੈ ਲਈ ਮੇਰੀ ਜਾਣਕਾਰੀ ਇਮੀਗਰੇਸ਼ਨ ਅਤੇ ਬਾਰਡਰ ਪ੍ਰੋਟੈਕਸ਼ਨ ਮਹਿਕਮੇ ਨੂੰ ਵੀ ਦੇ ਸਕਦੇ ਹਨ।
- ਗਲਤ ਅਤੇ ਗੁਮਰਾਹ ਕਰਨ ਵਾਲੀ ਜਾਣਕਾਰੀ ਦੇਣੀ ਧੋਖੇਬਾਜ਼ੀ ਮਿਥੀ ਜਾ ਸਕਦੀ ਹੈ ਅਤੇ ਇਸ ਤਰ੍ਹਾਂ ਕਰਨ ਲਈ ਮੁਨਾਸਬ ਅਧਿਕਾਰੀਆਂ ਨੂੰ ਸੂਚਿਤ ਕੀਤਾ ਜਾ ਸਕਦਾ ਹੈ।

| ਮਰੀਜ਼ / ਮਾਪੇ / ਪ੍ਰਤੀਨਿਧ (ਗੋਲ ਘੇਰਾ ਲਗਾਓ) | ਸਟਾਫ ਗਵਾਹ |
|---|---|
| ______________________________ *ਨਾਮ (ਪ੍ਰਿੰਟ ਕਰੋ)* | ______________________________ *ਨਾਮ (ਪ੍ਰਿੰਟ ਕਰੋ)* |
| ______________________________ *ਹਸਤਾਖਰ* | ______________________________ *ਹਸਤਾਖਰ* |
| ____/____/____ *ਮਿਤੀ* | ____/____/____ *ਮਿਤੀ* |



Queensland Government